# ਨੀਤੀ ਪ੍ਰਕਾਸ਼

G. 163



ਰਚਿਤ ਭਾਈ ਦਿਤ ਸਿੰਘ ਜੀ ਗਿਆਨੀ

ਬਿਨਾ ਆਗਜਾ ਕੋਈ ਨ ਛਾਪੇ

ੴ ਸਤਿਗੁਰਪ੍ਰਸਾਦਿ ॥

ਸ੍ਰੀ ਮਾਨ ਪੰਥ ਹਿਤੈਸ਼ੀ ਗੁਰਪੁਰ ਨਿਵਾਸੀ

ਭਾਈ ਦਿੱਤ ਸਿੰਘ ਜੀ ਗ੍ਯਾਨੀ ਰਚਿਤ

# ਨੀਤੀ ਪ੍ਰਕਾਸ਼

ਜਿਸਨੂੰ

**ਮੈਸਰਜ਼ ਤਾਰਾ ਸਿੰਘ ਕਿਸ਼ਨ ਸਿੰਘ,**

**ਮਾਲਿਕ ਦਿਤ ਹਰੀ ਬੁਕ ਡਿਪੋ,**

ਬਾਜਾਰ ਮਾਈ ਸੇਵਾਂ ਅੰਮ੍ਰਿਤਸਰ ਨੇ ਛਪਵਾਕੇ
ਪ੍ਰਕਾਸ਼ਤ ਕੀਤਾ

"ਪੰਥਕ ਪ੍ਰੈਸ" ਅੰਮ੍ਰਿਤਸਰ ਵਿਚ ਸ: ਖੁਸ਼ਹਾਲ ਸਿੰਘ
ਮੈਨੇਜਰ ਤੇ ਪ੍ਰਿੰਟਰ ਦੇ ਯਤਨ ਨਾਲ ਛਪੀ ॥

ਕਾਪੀ ੨੦੦੦ { ਫਰਵਰੀ ੧੯੩੨ } ਮੋਖ ॥–)

18296

## ਸ੍ਰੀ ਮਾਨ ਪੰਥ ਰਤਨ ਗੁਰਪੁਰ ਨਿਵਾਸੀ
# ਭਾਈ ਦਿਤ ਸਿੰਘ ਜੀ ਗਿਯਾਨੀ

ਸੁਤੀ ਕੌਮ ਨੂੰ ਜਗਾਨ ਵਾਲੇ, ਖਾਲਸਾ ਕੌਮ ਦੇ ਚਮਕਦੇ ਸਤਾਰੇ, ਸ੍ਰੀ ਮਾਨ ਪੰਥ ਹਿਤੈਸ਼ੀ ਗੁਰਪੁਰ ਨਿਵਾਸੀ **ਭਾਈ ਦਿਤ ਸਿੰਘ ਜੀ ਗਿਯਾਨੀ** ਬਾਬਤ ਜੇ ਅਜ ਇਹ ਚਾ ਆਖੀਏ ਕਿ ਇਹ ਮਹਾਤਮਾਂ ਸ੍ਰੀ ਭਾਈ ਗੁਰਦਾਸ ਜੀ ਮਹਾਰਾਜ ਤੋਂ ਪਿਛੋਂ ਸਿਖ ਧਰਮ ਨੂੰ ਅਪਨੀ ਲੇਖਨੀ ਤੇ ਉਪਦੇਸ਼ਾਂ ਦੁਆਰੇ ਉਜਾਗਰ ਕਰਨ ਵਾਲੇ ਚੋਟੀ ਦੇ ਵਿਦਵਾਨਾਂ ਵਿਚੋਂ ਇਕ ਸਨ ਤਾਂ ਕੋਈ ਅਜੋਗ ਗਲ ਨਹੀਂ ਹੋਵੇਗੀ॥ ਇਨਾਂ ਦੀ ਲੇਖਨੀ ਤੇ ਰਸਨਾ ਵਿੱਚ ਐਡੀ ਭਾਰੀ ਸ਼ਕਤੀ ਸੀ, ਜੋ ਉਸ ਵੇਲੇ ਦੇ ਵਡੇ ੨ ਦੰਭੀ ਤੇ ਫਰਜੀ ਮਹਾਤਮਾਂ ਇਨਾਂ ਦੇ ਸਾਹਮਣੇ ਦਮ ਕਹੀਂ ਸਨ ਮਾਰ ਸਕਦੇ, ਤੇ ਇਨਾਂ ਦੀ ਵਿਦਯਾ ਦੇ ਪ੍ਰਕਾਸ਼ ਦਾ ਇਹ ਹਾਲ ਸੀ ਕਿ ਆਰਯਾਂ ਦੇ ਨੇਤਾਂ ਸਾਧੂ ਸ੍ਵਾਮੀ ਦਯਾ ਨੰਦ ਜੀ ਵਰਗੇ ਵੇਦ ਪਾਠੀ ਪੰਡਤਾਂ ਦੇ ਪੈਰ ਉਖੱੜ ਚੁਕੇ ਸੱਨ, ਭਾਈ ਸਾਹਿਬ ਦੀਆਂ ਰਚਿਤ ਪੁਸਤਕਾਂ ਵਿਚੋਂ ਜੇਕਰ "ਰਾਜ ਪ੍ਰਬੋਧ ਨਾਟਿਕ" **ਦੰਭ ਵਿਦਾਰਨ** ਤੇ **ਨੀਤੀ ਪ੍ਰਕਾਸ਼** ਨੂੰ ਵਿਚਾਰੀਏ ਤਾਂ ਪਤਾ ਲਗਦਾ ਹੈ ਕਿ ਜਿਥੇ ਭਾਈ ਜੀ ਇਕ ਬਨੇ ਸਾਡੇ ਧਰਮ ਪ੍ਰਚਾਰਕ ਸਨ ਉਥੇ ਦੂਜੇ ਪਾਸੇ ਇਹ ਪੱਕੇ ਨੀਤੀ ਨਪੁਨ ਦੇਸ਼ ਭਗਤ ਆਗੂ ਭੀ ਸੱਨ। ਅਸੀਂ ਹੁਨ ਤਕ ਅਪਨੇ ਤੇ ਗੈਰ ਕੌਮਾਂ ਦੇ ਪੁਰਾਨੇ ਉਗੇ ੨ ਬਜ਼ੁਰਗਾਂ ਪਾਸੋਂ ਇਹ ਗਲ ਵੱਡੇ ਫ਼ਖ਼ਰ ਨਾਲ ਸੁਣਦੇ ਆਏ ਹਾਂ ਕਿ ਜਾਣੀ ਅਭੀਮਾਨ ਵਿਚ ਡੁਬੀ ਖਾਲਸਾ ਕੌਮ ਨੇ ਭੀ ਭਾਈ ਦਿਤ ਸਿੰਘ ਜੀ ਵਰਗੇ ਚੋਟੀ ਦੇ ਵਿਦ੍ਵਾਨ ਨੇਤਾਂ ਦੀ ਕੋਈ ਕਦਰ ਨਹੀਂ ਜਾਤੀ, ਅਜ ਕੌਮ ਵਿੱਚ ਉਨਾਂ ਦਾ ਕੋਈ ਨਾਮ ਤਕ ਨਹੀਂ ਲੈਂਦਾ, ਹਾਲਾਂ ਕਿ ਦੂਜੇ ਬਨੇ ਭਾਈ ਸਾਹਿਬ ਤੋਂ ਹਾਰ ਖਾ ਨਠੇ ਸਾਧੂ ਦਯਾ ਨੰਦ ਜੀ ਦੇ ਸ਼ਰਧਾਲੂ ਭਾਈ ਉਨਾਂ ਦੀ ਰਚਿਤ ਧਰਮ ਪੁਸਤਕ **ਸਤਿ ਅਰਥ** ਪ੍ਰਕਾਸ਼ ਨੂੰ ਦੇਸ ਦਿਸਾਤ੍ਰਾਂ ਦੀਆ ਭਾਂਤ ੨ ਦੀਆਂ ਜ਼ਬਾਨਾਂ ਵਿਚ ਉਜਾਗਰ ਕਰ ਰਹੇ ਹਨ, ਤੇ ਅਸੀਂ ਅਜ ਭਾਈ ਸਾਹਿਬ ਦੇ ਰਚੇ ਵੱਡ-ਮੁਲੇ ਪੁਸਤਕਾਂ ਨੂੰ ਪੁਰਾਨੀ ਚੀਜ਼ ਆਖਕੇ ਪਰੇ ਸੁਟ ਬੈਠੇ ਹਾਂ। ਖਾਲਸਾ ਜੀ ! ਇਸ ਬੇਕਦਰੀ ਦੇ ਕਲੰਕ ਤੋਂ ਬਚਨ ਲਈ **ਸਜਨ ਜਨਾਂ ਦੀ** ਪਰੇਰਨਾ ਨਾਲ ਭਾਈ ਤਾਰਾ ਸਿੰਘ ਕਿਸ਼ਨ ਸਿੰਘ ਹੋਰਾਂ ਨੇ ਬਹੁਤ ਸਾਰਾ ਧਨ ਖਰਚਕੇ ਸੀ ਮਾਨ ਗੁਰਪੁਰ ਨਵਾਸੀ ਭਾਈ ਸਾਹਿਬ ਦੇ ਕੁਲ ਖਿਆਲਾਤ ਨੂੰ ੨੦ ਪੁਸਤਕਾਂ ਦੀ ਸ਼ਕਲ ਵਿੱਚ ਉਹਨਾਂ ਦੀ ਸੋਹਨੀ ਤੇ ਪਕੀ ਯਾਦਗਾਰ ਹਰ ਸਿਖ ਘ੍ਰਾਨੇ ਵਿਚ ਕਾਇਮ ਕਰਨ ਦਾ ਪੂਰੇ ਜ਼ੋਰ ਨਾਲ ਬੀੜਾ ਉਠਾ ਲੀਤੀ ਹੈ।

੨੦-੩੦/੧੬ ਸਾਈਜ ਦੀਆਂ ਪੁਸਤਕਾਂ ੨੨ਪੌਂਡ ਦੇ ਡੁਮੇਈ ਵਧੀਆ ਕਾਗਜ਼ ਤੇ ਤਸਵੀਰਦਾਰ ਟਾਈਟਲਾਂ ਵਾਲੀਆਂ ਛਪਨੀਆਂ ਸ਼ੁਰੂ ਹੋ ਗਈਆਂ ਹਨ, ਜਿਨਾਂ ਵਿਚੋਂ ਇਕ ਇਹ **ਨੀਤੀ ਪ੍ਰਕਾਸ਼** ਸਾਡੀ ਦ੍ਰਿਸ਼ਟੀ ਗੋਚਰ ਹੈ, ਸਾਨੂੰ ਦਸਿਆ ਗਿਆ ਹੈ ਕਿ ਬਾਕੀ ਸਾਰੀਆਂ ਪੁਸਤਕਾਂ ਨੰਬਰ ਵਾਰ ਜਿਨਾਂ ਦਾ ਵੇਰਵਾ ਇਸ ਪੁਸਤਕ ਦੇ ਅਖੀਰ ਵਿਚ ਹੈ, ਇਸੀ ਸਾਲ ੧੯੩੨ ਦੇ ਅੰਦਰ ੨ ਛਪਕੇ ਤ੍ਰਿਯਾਰ ਹੋ ਜਾਨਗੀਆਂ, ਤੇ

ਇਨਾਂ ਸਾਰੀਆਂ ਪੁਸਤਕਾਂ ਦੇ ਕਰੀਬ ਤਿਨ ਹਜਾਰ ਦੇ ਲਗ ਪਗ ਸਫੇ ਹੋਨਗੇ,ਮੋਖ ਪੂਰੇ ਸੈਟ ਦੇ ਦੇਸ ਨਿਵਾਸੀ ਖਰੀਦਾਰਾਂ ਪਾਸੋਂ ੧੨)ਤ ਪ੍ਰਦੇਸ ਨਵਾਸੀ ਗਾਹਕਾਂ ਪਾਸੋਂ ੧੫)ਸਨੇ ਮਸੂਲ ਡਾਕ ਆਦਿ ਹੋਵੇਗਾ। ਇਸ ਲਈ ਪੂਰੇ ਸੈਟ ਦੇ ਖਰੀਦਾਰਾਂ ਨੂੰ ਅਜ ਹੀ 'ਦਿਤ ਹਰੀ ਬੁਕ ਡਿਪੋ' ਦੇ ਦਫਤਰ ਵਿਚ ੫) ਪੇਸ਼ਗੀ ਭੇਜਕੇ ਆਪਣਾ ਨਾਮ ਦਰਜ ਰਜਿਸਟਰ ਕਰਾ ਲੈਣਾ ਚਾਹੀਏ, ਨਹੀਂ ਤਾਂ ਫੇਰ ਅਗਲੀ ਅਡੀਸ਼ਨ ਦਾ ਇੰਤਜ਼ਾਰ ਕਰਨਾ ਪਵੇਗਾ, ਦਫ਼ਤ੍ਰ ਵਲੋਂ ਪਕੇ ਗਾਹਕਾਂ ਨੂੰ ਖਾਲਸੇ ਦੇ ਜਨਮ ਦਿਨ ਵਿਸਾਖੀ ਤੇ ਇਕ ਅਦੁਤੀ ਨਿਜਾਰੇ ਵਾਲਾ **ਦਿਤ ਹਰੀ ਕੈਲੰਡਰ** ਮੁਫ਼ਤ ਭੇਟ ਕੀਤਾ ਜਾਵੇਗਾ। ਜਿਸ ਵਿਚ ਖਾਲਸਾ ਕੌਮ ਦੀ ਹਰ ਸ੍ਰੇਣੀ ਦੇ ਉਘੇ ੨ ਵਿਦਵਾਨ ਆਗੂਆਂ ਦੇ ਪਵਿਤ੍ਰ ਦਰਸ਼ਨ ਹੋ ਸਕਨਗੇ।

ਪੰਥ ਕੂਕਰ

ਗੁਰਬਖਸ਼ ਸਿੰਘ 'ਪਾਤਨੀ'
ਸਾਬਕ ਮੈਂਬਰ ਸ੍ਰੋ: ਗੁ: ਪ੍ਰ: ਕਮੇਟੀ
ਸ੍ਰੀ ਅੰਮ੍ਰਿਤਸਰ

ੴ ਸਤਿਗੁਰਪ੍ਰਸਾਦਿ॥

# ਦਿਤ ਹਰੀ ਨੀਤੀ ਬੱਚਨ

ਦੋਹਰਾ

ਭੱਲ ਭਲਾਈ ਕਰ ਲਹੈ,
ਲਹੈ ਨਚਾਈ ਨੀਚ॥
ਸੁਧਾ ਸਰਾਹੀਏ ਅਮਰਤਾ,
ਗਰਲ ਸਰਾਹੀਏ ਮੀਚ॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਭਲੇ ਪੁਰਖ ਤਾਂ ਅਪਨੀ ਭਲਾਈ ਕਰਕੇ ਪ੍ਰਸਿਧ ਹੋ ਜਾਂਦੇ ਹਨ ਅਤੇ ਬੁਰੇ ਪੁਰਖ ਅਪਨੀ ਬੁਰਜਾਈ ਕਰਕੇ, ਜਿਸ ਪ੍ਰਕਾਰ ਅੰਮ੍ਰਿਤ ਤਾਂ ਪੁਰਖਾਂ ਦੇ ਰੋਗਾਂ ਨੂੰ ਦੂਰ ਕਰਕੇ ਅਰ ਅਮਰ ਕਰਨ ਕਰ ਕੇ ਪ੍ਰਸਿਧ ਹੈ ਅਤੇ ਵਿਖ ਮਾਰ ਦੇਨੇ ਕਰ ਕੇ ਸਰਾਹੀ ਜਾਂਦਾ ਹੈ।

ਜੈਸਾ ਕਿ ਲੋਕ ਆਖਦੇ ਹਨ ਕਿ ਭਈ ਕੈਹੀ ਤੇਜ ਜ਼ਹਰ ਸੀ ਜੋ ਖਾਂਦਿਆਂ ਹੀ ਪਾਸਾ ਨਹੀਂ ਪਰਤਨ ਦਿਤਾ। ਇਸੀ ਪ੍ਰਕਾਰ ਜੋ ਭਲੇ ਪੁਰਖ ਹਨ ਸੋ ਤਾਂ ਲੋਕਾਂ ਵਿੱਚ ਭਲਯਾਈ ਕਰਨੇ ਕਰਕੇ ਸਲਾਹੇ ਜਾਂਦੇ ਹਨ ਤੇ ਭ੍ਰਿਸ਼ਟ ਪੁਰਖ ਬੁਰਾ ਕਰਨ ਤੇ ਜੈਸਾ ਕਿ ਲੋਕ ਆਖਦੇ ਹਨ ਕਿ ਭਈ ਉਸਨੇ ਇਕੋ ਵੇਰ ਅਜੇਹੀ ਅੱਗ ਭੜਕਾਈ ।ਜਸ ਨਾਲ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.